**ਵਿਸ਼ਾ :-ਪੰਜਾਬੀ** **ਜਮਾਤ ਨੌਵੀਂ /ਦਸਵੀਂ**

**ਉਪ-ਵਿਸ਼ਾ:- ਪੱਤਰ**



**ਤੁਸੀਂ ਸਕੂਲ ਵੱਲੋਂ ਪੁਸ਼ਪਾ ਗੁਜਰਾਲ ਸਾਇੰਸ ਸਿਟੀ ਦੇਖਣ ਲਈ ਵਿੱਦਿਅਕ ਯਾਤਰਾ 'ਤੇ ਗਏ ਸੀ, ਪੱਤਰ ਰਾਹੀਂ ਆਪਣੇ ਅਨੁਭਵ ਕਿਸੇ ਰਿਸ਼ਤੇਦਾਰ ਨਾਲ ਸਾਂਝੇ ਕਰੋ।**

118, ਸੈਕਟਰ 49-ਏ,
ਚੰਡੀਗੜ੍ਹ।
10 ਜਨਵਰੀ, 20….

ਸਤਿਕਾਰਯੋਗ ਮਾਤਾ ਜੀ

ਸਤਿ ਸ੍ਰੀ ਅਕਾਲ।

ਪਿਛਲੇ ਹਫ਼ਤੇ, ਸਾਡੇ ਸਕੂਲ ਵੱਲੋਂ ਜਲੰਧਰ-ਕਪੂਰਥਲਾ ਸੜਕ ਉਤੇ ਸਥਿਤ, ਪੁਸ਼ਪਾ ਗੁਜਰਾਲ ਸਾਇੰਸ ਸਿਟੀ ਦੇਖਣ ਲਈ ਵਿਦਿਆਰਥੀਆਂ ਦਾ ਇੱਕ ਗਰੁੱਪ ਗਿਆ, ਜਿਸ ਵਿਚ ਮੈਂ ਵੀ ਸ਼ਾਮਿਲ ਸੀ। ਇੱਥੇ ਅਸੀਂ ਵਿਗਿਆਨ ਦੀਆਂ ਖੋਜਾਂ ਨਾਲ ਸੰਬੰਧਤ ਬਹੁਤ ਸਾਰੀਆਂ ਚੀਜ਼ਾਂ ਦੇਖੀਆਂ ਅਤੇ ਨਵੀਂ ਜਾਣਕਾਰੀ ਹਾਸਲ ਕੀਤੀ। ਇਸ ਸਬੰਧੀ ਮੈਂ ਆਪਣੇ ਅਨੁਭਵ ਆਪ ਨੂੰ ਲਿਖ ਕੇ ਭੇਜ ਰਿਹਾ ਹਾਂ।

ਸਾਡੀ ਵਿੱਦਿਅਕ ਯਾਤਰਾ ਦੀ ਅਗਵਾਈ ਸਾਡੇ ਵਿਗਿਆਨ ਦੇ ਅਧਿਆਪਕ ਸ੍ਰੀ ਸੁਰਿੰਦਰ ਮੋਹਣ ਕਰ ਰਹੇ ਸਨ । ਸਾਡੇ ਅਧਿਆਪਕ ਨੇ ਸਾਨੂੰ ਦੱਸਿਆ ਕਿ ਸਾਡੇ ਦੇਸ਼ ਦੇ ਲੋਕਾਂ ਵਿੱਚ ਵਿਗਿਆਨਿਕ ਸੋਚ ਪੈਦਾ ਕਰਨ ਅਤੇ ਉਨ੍ਹਾਂ ਨੂੰ ਵਹਿਮਾਂ-ਭਰਮਾਂ ਵਿਚੋਂ ਕੱਢਣ ਦੇ ਅਮਲ ਨੂੰ ਅੱਗੇ ਤੋਰਨ ਲਈ ਜਲੰਧਰ-ਕਪੂਰਥਲਾ ਸੜਕ ਉੱਤੇ ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ ਸਾਂਝੇ ਤੌਰ ਤੇ 72 ਏਕੜ ਜ਼ਮੀਨ ਵਿੱਚ ਪੁਸ਼ਪਾ ਗੁਜਰਾਲ ਸਾਇੰਸ ਸਿਟੀ ਨੂੰ ਉਸਾਰਿਆ ਗਿਆ ਹੈ। ਇਸ ਦਾ ਨੀਂਹ ਪੱਥਰ ਸਾਬਕਾ ਪ੍ਰਧਾਨ ਮੰਤਰੀ ਸ੍ਰੀ ਇੰਦਰ ਕੁਮਾਰ ਗੁਜਰਾਲ, ਜਿਨ੍ਹਾਂ ਦੇ ਮਾਤਾ ਜੀ ਸ੍ਰੀਮਤੀ ਪੁਸ਼ਪਾ ਗੁਜਰਾਲ ਦੇ ਨਾਮ ਉੱਤੇ ਇਸ ਦਾ ਨਾਮ ਰੱਖਿਆ ਗਿਆ ਹੈ, ਦੇ ਦੁਆਰਾ 17 ਅਕਤੂਬਰ 1997 ਨੂੰ ਰੱਖਿਆ ਗਿਆ। ਇਸ ਦਾ ਉਦੇਸ਼ ਨੌਜਵਾਨ ਪੀੜ੍ਹੀ ਨੂੰ ਵਿਗਿਆਨਿਕ ਸਿਧਾਂਤਾਂ ਬਾਰੇ ਮਨੋਰੰਜਕ ਤਰੀਕੇ ਨਾਲ ਜਾਣੂ ਕਰਵਾਉਣਾ ਹੈ। 19 ਮਾਰਚ 2005 ਨੂੰ ਇਹ ਆਮ ਲੋਕਾਂ ਲਈ ਖੋਲ੍ਹ ਦਿੱਤਾ ਗਿਆ।



ਇੱਥੇ ਪਹੁੰਚਦਿਆਂ ਹੀ ਸਭ ਤੋਂ ਪਹਿਲਾਂ ਸਾਡੀ ਨਜ਼ਰ ਬਹੁਤ ਵੱਡੇ ਗਲੋਬ ਉੱਤੇ ਪਈ ਜੋ ਕਿ ਵੱਖ-ਵੱਖ ਰੰਗਾਂ ਦੀਆਂ ਪੱਚੀ ਲੱਖ ਟਾਇਲਾਂ ਨਾਲ ਬਣਾਇਆ ਗਿਆ ਸੀ। ਅਸਲ ਵਿਚ ਇਹ ਇੱਕ ਥੀਏਟਰ ਸੀ, ਜਿਸ ਵਿੱਚ ਆਮ ਸਿਨੇਮਾ ਘਰਾਂ ਨਾਲੋਂ 10 ਗੁਣਾਂ ਵੱਡੀ ਸਕਰੀਨ ਉੱਤੇ ਫ਼ਿਲਮ ਦਿਖਾਈ ਜਾਂਦੀ ਸੀ। ਇਹ ਇੱਕ ਤਰ੍ਹਾਂ ਦਾ ਸਪੇਸ ਥੀਏਟਰ ਸੀ । ਜਦੋਂ ਅਸੀਂ ਇਸ ਵਿੱਚ ਬੈਠਕੇ ਫਿਲਮ ਦੇਖ ਰਹੇ ਸਾਂ ਤਾਂ ਬੱਦਲ ਗਰਜਣ ਤੋਂ ਲੈ ਕੇ ਸੂਈ ਡਿੱਗਣ ਦੀ ਆਵਾਜ਼ ਬਿਲਕੁਲ ਸਾਫ਼ ਸੁਣਾਈ ਦੇ ਰਹੀ ਸੀ। ਇਸ ਪੁਲਾੜੀ ਥੀਏਟਰ ਵਿੱਚ ਇਕ ਡਿਜੀਟਲ ਪਲੈਨੀਟੋਰੀਅਮ ਦਾ ਸ਼ੋਅ ਵੀ ਦਿਖਾਇਆ ਜਾਂਦਾ ਸੀ। ਫਿਰ ਇਹ ਇਕ ਦਮ ਰਾਤ ਦੇ ਅਕਾਸ਼ ਵਿੱਚ ਬਦਲ ਗਿਆ ਅਤੇ

ਫਿਰ ਸ਼ੁਰੂ ਹੋਈ ਤਾਰਿਆਂ ਦੀ ਦਾਸਤਾਨ, ਤਾਰਿਆਂ ਦਾ ਟੁੱਟਣਾ, ਗਲੈਕਸੀਆਂ ਦਾ ਬਣਨਾ ਅਤੇ ਹੋਰ ਗ੍ਰਹਿਆਂ ਬਾਰੇ ਗਿਆਨ ਜੋ ਕਿ ਬਹੁਤ ਅਚੰਭੇ ਨਾਲ ਭਰਿਆ ਹੋਇਆ ਸੀ।




ਇੱਥੋਂ ਦੀ ਪੁਲਾੜੀ ਗੈਲਰੀ ਤੋਂ ਸਾਨੂੰ ਪੁਲਾੜ ਵਿੱਚ ਰਹਿਣ-ਸਹਿਣ ਅਤੇ ਖਾਣ-ਪੀਣ ਬਾਰੇ ਬਹੁਮੁੱਲਾ ਗਿਆਨ ਪ੍ਰਾਪਤ ਹੋਇਆ। ਇੱਥੇ ਰੱਖੇ ਗਏ ਪੋਲ ਸਟਾਰ ਲਾਂਚਿੰਗ ਵਹੀਕਲ ਤੋਂ ਸਾਨੂੰ ਪੁਲਾੜ ਵਿੱਚ ਸੈਟੇਲਾਈਟ ਛੱਡਣ ਦੀ ਪੂਰੀ ਪ੍ਰਕਿਰਿਆ ਬਾਰੇ ਜਾਣਕਾਰੀ ਪ੍ਰਾਪਤ ਹੋਈ। ਸਪੇਸ ਸ਼ਟਲ ਦਾ ਮਾਡਲ ਵੀ ਸਭ ਦਾ ਧਿਆਨ ਖਿੱਚ ਰਿਹਾ ਸੀ।

ਇੱਥੋਂ ਦਾ 3-ਡੀ ਸ਼ੋਅ ਸਪੈਸ਼ਲ ਐਨਕਾਂ ਨਾਲ ਦੇਖਿਆ ਜਾਂਦਾ ਹੈ। ਇਸ ਥੀਏਟਰ ਵਿੱਚ ਸਾਨੂੰ ਇੰਜ ਮਹਿਸੂਸ ਹੋਇਆ, ਜਿਵੇਂ ਫ਼ਿਲਮ ਦੇ ਕਿਰਦਾਰ ਸਕਰੀਨ ਤੋਂ ਬਾਹਰ ਆ ਕੇ ਸਾਨੂੰ ਛੋਹ ਰਹੇ ਹੋਣ।

ਇਸ ਤੋਂ ਇਲਾਵਾ ਇੱਥੇ ਲੇਜ਼ਰ-ਸ਼ੋਅ ਦਾ ਵੀ ਪ੍ਰਬੰਧ ਹੈ। ਇੱਥੇ ਸਾਇੰਸ ਐਕਸਪਲੋਰੀਅਮ ਬਿਲਡਿੰਗ ਵਿੱਚ ਬਣੀ ਹੋਈ ਸਿਹਤ ਗੈਲਰੀ ਮਨੁੱਖੀ ਸਰੀਰ ਦੇ ਰਹੱਸਾਂ ਨੂੰ ਖੋਲਦੀ ਹੈ। ਇਸ ਗੈਲਰੀ ਦੇ ਅੰਦਰ 12 ਫੁੱਟ ਉੱਚੇ ਦਿਲ ਦੇ ਮਾਡਲ ਵਿੱਚੋਂ ਲੰਘਦਿਆਂ ਸਾਨੂੰ ਦਿਲ ਦੀ ਧੜਕਣ ਦੀ ਅਵਾਜ਼ ਸੁਣਾਈ ਦੇ ਰਹੀ ਸੀ। ਇੱਕ ਵਰਚੁਅਲ ਲੈਂਡ ਪ੍ਰਦਰਸ਼ਨੀ ਇਹ ਅਹਿਸਾਸ ਕਰਵਾਉਂਦੀ ਹੈ, ਜਿਵੇਂ ਅਸੀਂ ਰੇਗਿਸਤਾਨ ਵਿਚ ਹੋਈਏ ਅਤੇ ਰੇਤ ਸਾਡੇ ਉੱਪਰ ਆ ਰਹੀ ਹੋਵੇ। ਇਸ ਰੇਤ ਨੂੰ ਅਸੀਂ ਵੱਖ-ਵੱਖ ਰੂਪ ਵੀ ਦੇ ਸਕਦੇ ਹਾਂ। ਇੱਥੇ ਅਸੀਂ ਇਕ ਚਮਤਕਾਰੀ ਫੁੱਲਾਂ ਦੀ ਪ੍ਰਦਰਸ਼ਨੀ ਵੀ ਵੇਖੀ।

ਗੰਭੀਰ ਹੋ ਰਹੇ ਬਿਜਲੀ ਦੇ ਸੰਕਟ ਨੂੰ ਹੱਲ ਕਰਨ ਲਈ ਇੱਥੇ 3 ਏਕੜ ਵਿਚ ਊਰਜਾ ਪਾਰਕ ਬਣਾਇਆ ਗਿਆ ਹੈ । ਇੱਥੇ ਸਿਰਫ਼ ਸੂਰਜੀ ਊਰਜਾ ਦੀ ਵਰਤੋਂ ਕੀਤੀ ਜਾਂਦੀ ਹੈ। ਇਥੋਂ ਸਾਨੂੰ ਸੂਰਜੀ ਊਰਜਾ ਵਰਤਣ ਦੀ ਸੇਧ ਮਿਲੀ ਅਤੇ ਪਤਾ ਲੱਗਾ ਕਿ ਸੂਰਜੀ ਊਰਜਾ ਸਟੋਰ ਵੀ ਕੀਤੀ ਜਾ ਸਕਦੀ ਹੈ।



ਇੱਥੇ ਇਕ ਝੀਲ ਵਿਚ ਟਾਪੂ ਬਣਿਆ ਹੋਇਆ ਹੈ, ਜਿਸ ਵਿੱਚ ਡਾਇਨਾਸੋਰਾਂ ਦੇ 44 ਮਾਡਲ ਹਨ, ਜੋ ਕੁਦਰਤੀ ਪ੍ਰਤੀਤ ਹੁੰਦੇ ਹਨ । ਇਸ ਵਿੱਚ ਪੌਦੇ ਵੀ ਉਸ ਸਮੇਂ ਦੇ ਲਗਾਏ ਗਏ ਹਨ। ਇੱਥੇ ਬੱਚਿਆਂ ਨੂੰ ਰਾਤ ਦਾ ਅਕਾਸ਼ ਦਿਖਾਉਣ ਲਈ ਟੈਲੀਸਕੋਪ ਵੀ ਰੱਖਿਆ ਗਿਆ ਹੈ । ਇੱਕ ਸਾਇੰਸ ਆਫ ਸਪੋਰਟਸ ਨਾਂ ਦੀ ਗੈਲਰੀ ਵੀ ਹੈ, ਜੋ ਖੇਡਣ ਪਿੱਛੇ ਕੰਮ ਕਰਦੇ ਵਿਗਿਆਨਕ ਸਿਧਾਂਤਾਂ ਨੂੰ ਖੋਲ੍ਹਦੀ ਹੈ।

ਇਸ ਪ੍ਰਕਾਰ ਸਾਇੰਸ ਸਿਟੀ ਗਿਆਨ ਅਤੇ ਮਨੋਰੰਜਨ ਦਾ ਅਨੋਖਾ ਸੰਗਮ ਹੈ ਜਿਸ ਨੂੰ ਦੇਖ ਕੇ ਮੈਂ ਬਹੁਤ ਆਨੰਦ ਅਤੇ ਖੁਸ਼ੀ ਮਹਿਸੂਸ ਕੀਤੀ ਅਤੇ ਇਸ ਬਾਰੇ ਆਪਣੇ ਵਿਚਾਰ ਤੁਹਾਡੇ ਨਾਲ ਚਿੱਠੀ ਰਾਹੀਂ ਸਾਂਝੇ ਕੀਤੇ ਹਨ।

ਮੇਰੇ ਵੱਲੋਂ ਪਿਤਾ ਜੀ ਨੂੰ ਸਤਿ ਸ੍ਰੀ ਅਕਾਲ।

ਆਪਦਾ ਸਪੁੱਤਰ,
ਗੁਰਕੰਵਲ ਸਿੰਘ।

---

ਤਿਆਰ ਕਰਤਾ,
ਸੀਮਾ ਰਾਣੀ,
ਗੌਰਮਿੰਟ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਚੌਂਤਾ (ਲੁਧਿਆਣਾ)।